بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਤਬੂਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 05 ਦਿਸੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬੇ ਵਿੱਚ ਹਜ਼ਰਤ ਕਅਬ ਬਿਨ ਮਾਲਿਕ ਰਜ਼ਿ ਅੱਲਾਹੁ ਅਨਹੁ ਅਤੇ ਕੁੱਝ ਦੂਸਰੇ ਸਹਾਬਾ ਦੇ ਗ਼ਜ਼ਵਾ ਤਬੂਕ ਵਿੱਚ ਪਿੱਛੇ ਰਹਿ ਜਾਣ ਅਤੇ ਇਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਨਾਰਾਜ਼ਗੀ** ਦਾ ਜ਼ਿਕਰ ਹੋਇਆ ਸੀ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਇਸ ਹਵਾਲੇ ਨਾਲ਼ ਜਮਾਅਤ ਨੂੰ ਨਸੀਹਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ **ਅਹਾਦੀਸ** ਵਿੱਚ ਆਉਂਦਾ ਹੈ ਕਿ ਤਿੰਨ ਮੋਮਿਨ ਵੀ ਗ਼ਜ਼ਵਾ ਤਬੂਕ ਵਿੱਚ ਸ਼ਾਮਿਲ ਨਹੀਂ ਹੋਏ ਸਨ। ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨਾਲ਼ **ਕ਼ਤਅ ਤਅੱਲੁਕ** ਦਾ ਹੁਕਮ ਫ਼ਰਮਾਇਆ ਤਾਂ ਮਦੀਨਾ ਵਾਲਿਆਂ ਵਿੱਚੋਂ ਕਿਸੇ ਨੂੰ ਵੀ ਜੁਰਅਤ ਨਹੀਂ ਸੀ ਕਿ ਉਨ੍ਹਾਂ ਨਾਲ਼ ਗੱਲ ਕਰੇ। ਆਪ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਇੱਥੇ ਕਾਦੀਆਂ ਵਿੱਚ ਤਾਂ ਮੈਂ ਦੇਖਿਆ ਹੈ ਕਿ ਜਿਨ੍ਹਾਂ ਲੋਕਾਂ ਨਾਲ਼ ਬਤੌਰ ਸਜ਼ਾ ਗੱਲਬਾਤ ਮਨ੍ਹਾ ਹੈ ਉਹ ਅਹਮਦੀਆਂ ਦੇ ਮਕਾਨਾਂ 'ਚ ਵੀ ਚਲੇ ਜਾਂਦੇ ਹਨ, ਮੁਹੱਲੇ ਵਾਲੇ ਪਤਾ ਨਹੀਂ ਸੁੱਤੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਜਦਕਿ ਮਦੀਨੇ ਵਿੱਚ ਕੋਈ ਮੁਨਾਫ਼ਿਕ ਵੀ ਉਨ੍ਹਾਂ ਨਾਲ਼ ਕੋਈ ਗੱਲਬਾਤ ਨਹੀਂ ਕਰ ਸਕਦਾ ਸੀ। ਹਜ਼ੂਰ ਅਨਵਰ ਨੇ ਫ਼ਰਮਾਇਆ 1936 ਈ: ਵਿੱਚ ਜਦਕਿ ਉਸ ਜ਼ਮਾਨੇ ਵਿੱਚ ਕੁੱਝ **ਫ਼ਿਤਨੇ** ਉੱਠੇ ਸਨ, ਜਿਸ ਦੀ ਵਜ੍ਹਾ ਨਾਲ਼ ਆਪ ਰਜ਼ਿ ਅੱਲਾਹੁ ਅਨਹੁ ਨੂੰ ਇਹ ਕਹਿਣਾ ਪਿਆ ਸੀ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਇੱਕ ਜਗ੍ਹਾ ਹੋਰ ਫ਼ਰਮਾਉਂਦੇ ਹਨ ਕਿ ਕਅਬ ਬਿਨ ਮਾਲਿਕ ਰਜ਼ਿ ਅੱਲਾਹੁ ਅਨਹੁ ਦਾ ਵਾਕ਼ਿਆ ਕੈਸਾ ਸਬਕ਼ ਦਿਹ ਹੈ। ਉਹ ਸਾਰੀਆਂ ਜੰਗਾਂ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਰਹੇ, ਮੱਕੇ ਦੀ ਫ਼ਤਿਹ ਵਿੱਚ ਵੀ ਨਾਲ਼ ਰਹੇ ਪਰ ਗ਼ਜ਼ਵਾ ਤਬੂਕ ਵਿੱਚ **ਸੁਸਤੀ** ਨਾਲ਼ ਪਿੱਛੇ ਰਹਿ ਗਏ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਅਜਿਹੀ ਸਖ਼ਤ ਸਜ਼ਾ ਦਿੱਤੀ, ਪਰ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਅੱਜ ਕੱਲ ਦੇ ਲੋਕ ਹਨ ਕਿ ਜੇਕਰ ਕੁੱਝ ਪੁੱਛ ਗਿੱਛ ਕੀਤੀ ਜਾਵੇ, ਜਵਾਬ ਤਲਬੀ ਕੀਤੀ ਜਾਵੇ ਤਾਂ ਉਹ ਕਹਿੰਦੇ ਹਨ ਕਿ ਸਾਡੀਆਂ **ਖ਼ਿਦਮਤਾਂ** ਦਾ ਲਿਹਾਜ਼ ਨਹੀਂ ਰੱਖਿਆ, ਸਾਡੀ ਕ਼ਦਰ ਨਹੀਂ ਕੀਤੀ ਗਈ। ਯਾਦ ਰੱਖਣਾ ਚਾਹੀਦਾ ਹੈ ਕਿ ਇੰਤਿਜ਼ਾਮ ਅਲੱਗ ਚੀਜ਼ ਹੈ ਅਤੇ ਕੰਮ ਕਰਨਾ ਅਲੱਗ ਚੀਜ਼ ਹੈ ਅਤੇ ਇੰਤਜ਼ਾਮ ਕ਼ਾਇਮ ਰੱਖਣ ਲਈ, ਜਿਹੜਾ ਗ਼ਲਤੀ ਕਰਦਾ ਹੈ, ਉਸ ਕੋਲੋਂ ਪੁੱਛਿਆ ਜਾਂਦਾ ਹੈ, ਭਾਵੇਂ ਉਹ ਕੋਈ ਵੀ ਹੋਵੇ। ਬਸ ਖ਼ੁਦਾ ਦੇ ਹੁਕਮ ਦੇ ਤਹਿਤ ਦੀਨ ਦੇ ਲਈ ਅਜਿਹੀਆਂ ਕੋਸ਼ਿਸ਼ਾਂ ਕਰੋ ਕਿ ਸ਼ੈਤਾਨ ਨੂੰ ਭਜਾ ਦਿਓ ਪਰ ਇਸ ਲਈ ਹਰਗਿਜ਼ ਨਾ ਕਰੋ ਕਿ ਤੁਹਾਡੀ **ਤਾਰੀਫ਼** ਕੀਤੀ ਜਾਵੇ ਅਤੇ ਕੰਮ ਕਰਕੇ ਇਹ ਨਾ ਖ਼ਿਆਲ ਕਰੋ ਕਿ ਸਾਡੀਆਂ ਗ਼ਲਤੀਆਂ 'ਤੇ ਸਾਡੇ ਕੋਲੋਂ ਪੁੱਛ ਗਿੱਛ ਨਾ ਕੀਤੀ ਜਾਵੇਗੀ। ਫਿਰ ਖ਼ੁਦਾ 'ਤੇ ਅਹਿਸਾਨ ਨਾ ਜਤਾਓ। ਹਰ ਇੱਕ **ਜ਼ਰੀਏ** ਨਾਲ਼ ਇਸਲਾਮ ਦੀ ਖ਼ਿਦਮਤ ਕਰੋ, ਅਹਿਸਾਨ ਨਾ ਕਰੋ ਬਲਕਿ ਖ਼ਿਦਮਤ ਕਰੋ। ਇਹੀ **ਜਜ਼ਬਾ** ਹੋਣਾ ਚਾਹੀਦਾ ਹੈ ਅੱਲਾਹ ਨੂੰ ਰਾਜ਼ੀ ਕਰਨ ਦਾ।

ਹਜ਼ੂਰ ਅਨਵਨ ਨੇ ਫ਼ਰਮਾਇਆ ਗ਼ਜ਼ਵਾ ਤਬੂਕ ਦਾ ਸਫ਼ਰ ਅਜਿਹਾ ਪੁਰ ਹਿਕਮਤ ਅਤੇ ਬਾ-ਬਰਕਤ ਸਾਬਿਤ ਹੋਇਆ ਕਿ ਸਾਰੇ ਅਰਬ ਵਿੱਚ ਮੁਸਲਮਾਨਾਂ ਦਾ **ਰੋਅਬ** ਬੈਠ ਗਿਆ ਅਤੇ ਥੋੜੀ ਹੀ ਦੇਰ ਵਿੱਚ ਸਾਰੇ ਅਰਬ 'ਤੇ ਇਸਲਾਮ ਦਾ ਝੰਡਾ ਲਹਿਰਾਉਣ ਲੱਗਾ। ਇਸ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਤਬੂਕ ਤੋਂ ਵਾਪਸੀ ਦੇ ਬਾਅਦ ਤਾਇਫ਼ ਦੇ ਲੋਕਾਂ ਨੇ ਵੀ **ਅਤਾਅਤ** (ਆਗਿਆਕਾਰੀ) ਕ਼ਬੂਲ ਕਰ ਲਈ ਅਤੇ ਉਸਦੇ ਬਾਅਦ ਅਰਬ ਦੇ ਬਹੁਤ ਸਾਰੇ ਕ਼ਬੀਲਿਆਂ ਨੇ ਵੀ ਵਾਰੀ ਵਾਰੀ ਆਖ਼ਿਰ ਇਸਲਾਮੀ ਹਕੂਮਤ ਵਿੱਚ ਦਾਖ਼ਲੇ ਦੀ ਇਜਾਜ਼ਤ ਮੰਗੀ ਅਤੇ ਸਾਰੇ ਅਰਬ 'ਤੇ ਇਸਲਾਮ ਦਾ ਝੰਡਾ ਲਹਿਰਾਉਣ ਲੱਗਾ।

ਵਾਪਸੀ ਦੇ ਬਾਅਦ ਇੱਕ ਸਿਰਿੱਯਾ ਵੀ ਹੋਇਆ ਸੀ ਜਿਸ ਨੂੰ ਸਿਰਿੱਯਾ ਖ਼ਾਲਿਦ ਬਿਨ ਵਲੀਦ ਕਿਹਾ ਜਾਂਦਾ ਹੈ, ਜਿਸ ਨੂੰ **ਨਜਰਾਨ** ਦੇ ਹਿੱਸੇ ਬਨੂ ਹਾਰਿਸ ਵੱਲ ਰਵਾਨਾ ਕੀਤਾ ਗਿਆ ਸੀ। ਇੱਕ ਰਿਵਾਇਤ ਦੇ ਮੁਤਾਬਿਕ਼ ਇਹ ਸਿਰਿੱਯਾ ਰਬੀਉਲ ਅੱਵਲ 10 ਹਿਜਰੀ ਵਿੱਚ ਪੇਸ਼ ਆਇਆ। ਇਸ ਸਿਰਿੱਯੇ 'ਤੇ ਰਵਾਨਗੀ ਦੇ ਵੇਲੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੂੰ ਇਹ ਹਿਦਾਇਤ ਕੀਤੀ ਸੀ ਕਿ ਉਸ ਕ਼ਬੀਲੇ 'ਤੇ ਹਮਲੇ ਤੋਂ ਪਹਿਲਾਂ ਤਿੰਨ ਵਾਰ ਉਨ੍ਹਾਂ ਨੂੰ ਇਸਲਾਮ ਦੀ ਦਾਅਵਤ ਦੇਣਾ। ਜੇਕਰ ਉਹ ਕ਼ਬੂਲ ਨਾ ਕਰਨ ਤਾਂ ਤਦ ਉਨ੍ਹਾਂ ਨਾਲ ਲੜਾਈ ਕਰਨਾ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੇ ਇਸ ਹਦਾਇਤ 'ਤੇ **ਅਮਲ** ਕੀਤਾ ਅਤੇ ਉਹ ਸਾਰੇ ਲੋਕ ਮੁਸਲਮਾਨ ਹੋ ਗਏ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੇ ਇੱਕ ਖ਼ਤ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਰਵਾਨਾ ਕੀਤਾ ਜਿਸ ਵਿੱਚ ਲਿਖਿਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਹਿਦਾਇਤ 'ਤੇ ਅਸੀਂ ਉਨ੍ਹਾਂ ਨੂੰ ਇਸਲਾਮ ਦਾ **ਪੈਗ਼ਾਮ** ਪਹੁੰਚਾਇਆ ਅਤੇ ਉਨ੍ਹਾਂ ਨੇ ਇਸਲਾਮ ਕ਼ਬੂਲ ਕਰ ਲਿਆ। ਹੁਣ ਮੈਂ ਉਨ੍ਹਾਂ ਵਿੱਚ ਰਹਿ ਰਿਹਾ ਹਾਂ ਅਤੇ ਉਨ੍ਹਾਂ ਨੂੰ ਦੀਨ ਦੇ **ਹੁਕਮ** ਅਤੇ **ਮਨਾਹੀਆਂ** ਦੱਸ ਰਿਹਾ ਹਾਂ। ਅਗਲਾ ਜੋ ਹੁਕਮ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਵੱਲੋਂ ਆਵੇਗਾ, ਉਸ ਦੇ ਮੁਤਾਬਿਕ਼ ਅਮਲ ਕਰਾਂਗਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਖ਼ਤ ਦੇ ਜਵਾਬ ਵਿੱਚ ਫ਼ਰਮਾਇਆ ਕਿ ਤੁਹਾਡੇ ਖ਼ਤ ਨਾਲ ਪਤਾ ਲੱਗਾ ਕਿ ਬਨੂ ਹਾਰਿਸ ਨੇ ਇਸਲਾਮ ਕ਼ਬੂਲ ਕਰ ਲਿਆ ਹੈ। ਬਸ ਤੁਸੀਂ ਉਨ੍ਹਾਂ ਨੂੰ **ਸਵਾਬਿ ਇਲਾਹੀ** ਦੀ ਖ਼ੁਸ਼ਖ਼ਬਰੀ ਸੁਣਾਓ ਅਤੇ **ਅਜ਼ਾਬਿ ਇਲਾਹੀ** ਤੋਂ ਡਰਾਓ ਅਤੇ ਉਨ੍ਹਾਂ ਵਿੱਚੋਂ ਕੁੱਝ ਆਦਮੀ ਲੈ ਕੇ ਤੁਸੀਂ ਸਾਡੇ ਕੋਲ ਆ ਜਾਓ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਉਨ੍ਹਾਂ ਵਿੱਚੋਂ ਕੁੱਝ ਲੋਕਾਂ ਨੂੰ ਲੈ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ ਹਾਜ਼ਿਰ ਹੋ ਗਏ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕ਼ੈਸ ਬਿਨ ਹੁਸੈਨ ਨੂੰ ਬਨੂ ਹਾਰਿਸ ਦਾ ਅਮੀਰ ਮੁਕ਼ੱਰਰ ਫ਼ਰਮਾਇਆ ਅਤੇ ਸ਼ੱਵਾਲ ਜਾਂ ਜ਼ਿਲ੍-ਕ਼ਅਦਾ ਦੇ ਆਖ਼ਿਰ ਵਿੱਚ ਉਨ੍ਹਾਂ ਨੂੰ ਵਾਪਿਸ ਰੁਖ਼ਸਤ ਕੀਤਾ। ਉਨ੍ਹਾਂ ਦੀ ਵਾਪਸੀ ਦੇ ਚਾਰ ਮਹੀਨੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ **ਵਿਸਾਲ** (ਚਲਾਣਾ, ਵਫ਼ਾਤ) ਹੋ ਗਿਆ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਆਖ਼ਰੀ ਗ਼ਜ਼ਵਾ ਗ਼ਜ਼ਵਾ ਤਬੂਕ ਸੀ ਅਤੇ ਆਖ਼ਰੀ ਸਿਰਿੱਯਾ ਜਿਸ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਰਵਾਨਾ ਫ਼ਰਮਾਇਆ, ਉਹ **ਲਸ਼ਕਰਿ ਉਸਾਮਾ** ਸੀ। ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਦੇ ਲਸ਼ਕਰ ਤੋਂ ਪਹਿਲਾਂ ਇੱਕ ਲਸ਼ਕਰ ਗਿਆ ਸੀ। ਇਸ ਬਾਰੇ ਬੁਖ਼ਾਰੀ ਸ਼ਰੀਫ਼ ਵਿੱਚ ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਦੀ ਰਿਵਾਇਤ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਲੋਕਾਂ ਨੂੰ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ, ਹਜ਼ਰਤ ਜਅਫ਼ਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਅਬਦੁੱਲਾਹ ਬਿਨ ਰਵਾਹਾ ਰਜ਼ਿ ਅੱਲਾਹੁ ਅਨਹੁ ਦੀ ਸ਼ਹਾਦਤ ਦੀ ਖ਼ਬਰ ਦਿੱਤੀ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਅੱਖਾਂ ਹੰਝੂ ਵਹਾ ਰਹੀਆਂ ਸਨ। ਉਸਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਫਿਰ ਅੱਲਾਹ ਦੀਆਂ ਤਲਵਾਰਾਂ ਵਿੱਚੋਂ ਇੱਕ **ਤਲਵਾਰ** ਖ਼ਾਲਿਦ ਬਿਨ ਵਲੀਦ ਨੇ ਇਸਲਾਮੀ ਝੰਡੇ ਨੂੰ ਥੰਮਿਆ ਅਤੇ ਅੱਲਾਹ ਨੇ ਉਸਦੇ ਹੱਥ 'ਤੇ ਮੁਸਲਮਾਨਾਂ ਨੂੰ ਫ਼ਤਿਹ ਦਿੱਤੀ।

ਹੱਜਤੁਲ੍ ਵਿਦਾਅ ਤੋਂ ਵਾਪਸੀ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਜਦ ਮਦੀਨੇ ਵਾਪਿਸ ਪਹੁੰਚੇ ਤਾਂ ਉਸ ਵੇਲੇ ਮੁਸਲਮਾਨਾਂ ਨੂੰ **ਦੱਖਣ** ਵੱਲੋਂ ਕਿਸੇ ਕ਼ਿਸਮ ਦਾ ਖ਼ਤਰਾ ਬਾਕ਼ੀ ਨਹੀਂ ਰਿਹਾ ਸੀ ਪਰ **ਉੱਤਰ** ਵੱਲੋਂ, ਰੋਮ ਵਾਲਿਆਂ ਵੱਲੋਂ

ਅਜੇ ਵੀ ਖ਼ਤਰਾ ਬਾਕ਼ੀ ਸੀ ਕਿਉਂਕਿ ਉਨ੍ਹਾਂ ਇਸਾਈਆਂ ਨੂੰ ਅਜੇ ਤੱਕ ਆਪਣੀ ਤਾਕ਼ਤ 'ਤੇ ਬੜਾ **ਮਾਣ** ਸੀ। ਇਸ ਲਈ ਕਿਸੇ ਵੇਲੇ ਵੀ ਉਨ੍ਹਾਂ ਦੇ ਵੱਲੋਂ ਹਮਲਾ ਹੋ ਸਕਦਾ ਸੀ। ਇਸੇ ਤਰ੍ਹਾਂ ਅਜੇ ਜੰਗਿ ਮੌਤਾ ਦੇ ਸ਼ਹੀਦਾਂ ਦਾ **ਕ਼ਿਸਾਸ** (ਬਦਲਾ) ਵੀ ਬਾਕ਼ੀ ਸੀ। ਕਿਉਂਕਿ ਇਸ ਜੰਗ ਵਿੱਚ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਦੀ ਮਹਾਰਤ ਦੀ ਵਜ੍ਹਾ ਨਾਲ ਮੁਸਲਮਾਨਾਂ ਦੀ ਫ਼ੌਜ ਵਾਪਿਸ ਮਦੀਨੇ ਆਉਣ ਵਿੱਚ ਕਾਮਯਾਬ ਹੋਈ ਸੀ। ਹੱਜ ਤੋਂ ਵਾਪਿਸ ਆਏ ਅਜੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਜ਼ਿਆਦਾ ਦਿਨ ਨਹੀਂ ਲੰਘੇ ਸਨ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਉਸਾਮਾ ਬਿਨ ਜ਼ੈਦ ਰਜ਼ਿ ਅੱਲਾਹੁ ਅਨਹੁ ਦੀ ਅਗਵਾਈ ਵਿੱਚ ਇੱਕ ਫ਼ੌਜ ਨੂੰ **ਸ਼ਾਮ** 'ਤੇ ਹਮਲਾ ਕਰਨ ਦਾ ਹੁਕਮ ਦਿੱਤਾ।

ਇਸ ਫ਼ੌਜ ਦੀ ਤਿਆਰੀ ਜਿਹੜੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬਿਮਾਰੀ ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਵਿਸਾਲ ਦੇ ਦੋ ਦਿਨ ਪਹਿਲਾਂ ਹਫ਼ਤੇ ਵਾਲੇ ਦਿਨ ਮੁਕੰਮਲ ਹੋਈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਫ਼ਰ ਮਹੀਨੇ ਦੇ ਆਖ਼ਿਰ ਵਿੱਚ **ਰੋਮੀਆਂ** ਨਾਲ ਜੰਗ ਦਾ ਹੁਕਮ ਦਿੱਤਾ ਸੀ ਅਤੇ ਇਸ ਮੌਕ਼ੇ 'ਤੇ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਨੂੰ ਬੁਲਾਇਆ ਅਤੇ ਫ਼ਰਮਾਇਆ ਕਿ ਆਪਣੇ ਵਾਲਿਦ ਦੀ **ਸ਼ਹਾਦਤ ਗਾਹ** ਵੱਲ ਰਵਾਨਾ ਹੋ ਜਾਓ ਅਤੇ ਉਨ੍ਹਾਂ ਨੂੰ ਯਾਨੀ ਦੁਸ਼ਮਣਾਂ ਨੂੰ ਰੌਂਦ ਦਓ। ਮੈਂ ਤੈਨੂੰ ਇਸ ਫ਼ੌਜ ਦਾ ਅਮੀਰ ਮੁਕ਼ੱਰਰ ਕੀਤਾ ਹੈ। ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹੱਥ ਨਾਲ ਬੰਨ੍ਹਿਆ ਹੋਇਆ **ਝੰਡਾ** ਲੈ ਕੇ ਰਵਾਨਾ ਹੋਏ ਅਤੇ ਉਸ ਨੂੰ ਹਜ਼ਰਤ ਬੁਰੈਦਾ ਬਿਨ ਹੁਸੈਬ ਰਜ਼ਿ ਅੱਲਾਹੁ ਅਨਹੁ ਦੇ ਸਪੁਰਦ ਕੀਤਾ ਅਤੇ **ਜੁਰਫ਼** ਮੁਕ਼ਾਮ 'ਤੇ ਫ਼ੌਜ ਨੂੰ ਜਮ੍ਹਾ ਕੀਤਾ। ਜੁਰਫ਼ ਮਦੀਨੇ ਤੋਂ ਤਿੰਨ ਮੀਲ ਉੱਤਰ ਵੱਲ ਇੱਕ ਜਗ੍ਹਾ ਹੈ। **ਮੁਹਾਜਿਰਾਂ** ਅਤੇ **ਅੰਸਾਰਾਂ** ਦੇ **ਮੁਅਤਬਰਾਂ** ਵਿੱਚੋਂ ਤਕ਼ਰੀਬਨ ਸਾਰੇ ਲੋਕ ਇਸ ਫ਼ੌਜ ਵਿੱਚ ਸ਼ਾਮਿਲ ਸਨ ਜਿਨ੍ਹਾਂ ਵਿੱਚ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ, ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਵਗ਼ੈਰਾ ਸ਼ਾਮਿਲ ਸਨ। ਇਨ੍ਹਾਂ ਸਾਰੇ ਵਡੇਰੇ ਸਹਾਬਾ 'ਤੇ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਨੂੰ ਅਮੀਰ ਮੁਕ਼ੱਰਰ ਕੀਤਾ ਗਿਆ। ਲੋਕਾਂ ਨੇ ਇਸ 'ਤੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਇੰਨੇ ਵੱਡੇ ਵੱਡੇ ਸਹਾਬਾ 'ਤੇ ਇੱਕ ਲੜਕੇ ਨੂੰ ਅਮੀਰ ਬਣਾ ਦਿੱਤਾ ਗਿਆ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੱਕ ਇਹ ਗੱਲ ਪਹੁੰਚੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਖ਼ਤ **ਨਾਰਾਜ਼** ਹੋਏ ਅਤੇ ਮਿੰਬਰ 'ਤੇ ਚੜ੍ਹ ਕੇ ਲੋਕਾਂ ਨਾਲ ਖ਼ਿਤਾਬ ਕੀਤਾ, ਜਿਸ ਵਿੱਚ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਅਤੇ ਉਨ੍ਹਾਂ ਦੇ ਵਾਲਿਦ ਹਜ਼ਰਤ ਜ਼ੈਦ ਰਜ਼ਿ ਅੱਲਾਹੁ ਅਨਹੁ ਦੇ ਬਾਰੇ ਨਿਹਾਇਤ **ਉਮਦਾ** ਗੱਲਾਂ ਕੀਤੀਆਂ।

ਇੱਕ ਪਾਸੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬਿਮਾਰੀ ਵਧ ਰਹੀ ਸੀ ਅਤੇ ਦੂਸਰੇ ਪਾਸੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇਹ **ਇਸਰਾਰ** (ਕਿਸੇ ਗਲ 'ਤੇ ਜੋਰ ਦੇਣਾ) ਕਰ ਰਹੇ ਸਨ ਕਿ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਦੀ ਫ਼ੌਜ ਹਰ ਹਾਲ ਵਿੱਚ ਰਵਾਨਾ ਹੋਵੇ। ਐਤਵਾਰ ਦੇ ਦਿਨ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਜੁਰਫ਼ ਮੁਕ਼ਾਮ ਤੋਂ ਵਾਪਿਸ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ ਮੁਲਾਕ਼ਾਤ ਲਈ ਹਾਜ਼ਿਰ ਹੋਏ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਗੱਲ ਨਹੀਂ ਕਰ ਸਕਦੇ ਸਨ ਪਰ ਦੋਹੇਂ ਹੱਥ **ਅਸਮਾਨ** ਵੱਲ ਉਠਾਏ ਅਤੇ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਦੇ **ਸਿਰ** 'ਤੇ ਰੱਖ ਦਿੱਤੇ ਜਿਵੇਂ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਲਈ ਦੁਆ ਕਰ ਰਹੇ ਸਨ। ਸੋਮਵਾਰ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਤਬੀਅਤ ਜ਼ਰਾ ਸੰਭਲ ਗਈ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਅੱਲਾਹ ਤਆਲਾ ਦੀ ਬਰਕਤ ਨਾਲ ਰਵਾਨਾ ਹੋ ਜਾਓ। ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਵਾਪਿਸ ਫ਼ੌਜ ਵਿੱਚ ਆਏ ਅਤੇ ਰਵਾਨਗੀ ਦਾ ਹੁਕਮ ਦਿੱਤਾ। ਐਨ ਉਸੇ ਵੇਲੇ ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਖ਼ਰੀ ਲਮਹਿਆਂ ਦੇ ਬਾਰੇ ਪੈਗ਼ਾਮ ਮਿਲਿਆ। ਆਪ ਰਜ਼ਿ ਅੱਲਾਹੁ ਅਨਹੁ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਵਗ਼ੈਰਾ ਸਹਾਬਾ ਨੂੰ ਨਾਲ ਲੈ ਕੇ ਵਾਪਿਸ ਆਏ। ਉਸ ਵੇਲੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ 'ਤੇ **ਨਜ਼ਅ** (ਜਾਨ ਕੁਨੀ) ਦੀ ਹਾਲਤ ਸੀ। ਕੁੱਝ ਹੀ ਦੇਰ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ **ਵਿਸਾਲ** ਹੋ ਗਿਆ।

ਹਜ਼ਰਤ ਉਸਾਮਾ ਰਜ਼ਿ ਅੱਲਾਹੁ ਅਨਹੁ ਦੀ ਫ਼ੌਜ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਦੀ **ਬੈਅਤ** ਦੇ ਬਾਅਦ ਰਵਾਨਾ ਹੋਈ। ਇਸ ਫ਼ੌਜ ਦੀ ਤਾਅਦਾਦ 3000 ਸੀ ਜਿਸ ਵਿੱਚ 1000 ਘੋੜ ਸਵਾਰ ਸਨ। ਇਹ ਫ਼ੌਜ ਕਾਮਯਾਬੀ ਦੇ ਨਾਲ਼ ਵਾਪਿਸ ਆਈ। ਦੁਸ਼ਮਣ ਮਾਰਿਆ ਗਿਆ ਜਾਂ ਕ਼ੈਦੀ ਬਣਾਇਆ ਗਿਆ। ਮੁਸਲਮਾਨਾਂ ਵਿੱਚੋਂ ਕਿਸੇ ਦਾ ਕੋਈ **ਨੁਕ਼ਸਾਨ** ਨਾ ਹੋਇਆ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਗ਼ਜ਼ਵਿਆਂ ਦਾ ਸਿਲਸਿਲਾ ਖ਼ਤਮ ਹੋਇਆ। ਆਇੰਦਾ ਸੀਰਤ ਦੇ ਕੁੱਝ ਹੋਰ ਪਹਿਲੂ ਦੇਖਣੇ ਹੋਣਗੇ, ਇੰਸ਼ਾ ਅੱਲਾਹ ਦੇਖਾਂਗੇ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਦੋ ਮਰਹੂਮਾਂ, ਮੁਕੱਰਮ ਅਜ਼ੀਜ਼ੁੱਰ੍ ਰਹਮਾਨ ਖ਼ਾਲਿਦ ਸਾਹਿਬ ਮੁਰੱਬੀ ਸਿਲਸਿਲਾ ਅਤੇ ਮੁਕੱਰਮ ਈਧੀ ਹਮੀਦੀ ਸਾਹਬ ਆਫ਼ ਇੰਡੋਨੇਸ਼ੀਆ ਦਾ ਜ਼ਿਕਰਿ ਖ਼ੈਰ ਕੀਤਾ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਮਰਹੂਮਾਂ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞